/

ਨੰਬਰ 599-600/SM /ਕੇ-2 ਮਿਤੀ 03/02/2022

ਵੱਲੋਂ

ਡਾਇਰੈਕਟਰ
ਮਾਈਨਿੰਗ ਅਤੇ ਜਿਆਲੋਜੀ, ਪੰਜਾਬ
ਚੰਡੀਗੜ੍ਹ ।

ਵੱਲ,

ਨਿਗਰਾਨ ਇੰਜੀਨੀਅਰ
ਜਲ ਨਿਕਾਸ ਕਮ ਮਾਈਨਿੰਗ ਸਰਕਲ,
ਪਟਿਆਲਾ ।

ਵਿਸ਼ਾ: M/s HORIZON INFRASTRUCTURE AND DEVELOPERS LLP ਨੂੰ ਪ੍ਰੋਜੈਕਟ GROUP HOUSING SITE NO. 2, SECTOR-88, S.A.S. NAGAR ਵਿਖੇ ਬੇਸਮੈਂਟ ਦੀ ਪੁਟਾਈ ਲਈ ਕੇ-2 ਪਰਮਿਟ ਜਾਰੀ ਕਰਨ ਸਬੰਧੀ। (ਪ੍ਰਾਰਥੀ ਵੱਲੋਂ Application ID 58631 ਰਾਹੀਂ ਆਨਲਾਈਨ ਅਪਲਾਈ ਕੀਤਾ ਹੋਇਆ ਹੈ)

ਹਵਾਲਾ: ਆਪ ਦੇ ਦਫਤਰ ਦਾ ਪੱਤਰ ਨੰ. 102-03/256-ਡਬ ਮਿਤੀ 27-01-2022.

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸੰਬੰਧ ਵਿੱਚ ਆਪ ਵੱਲੋਂ ਕੀਤੀ ਗਈ ਸਿਫਾਰਿਸ਼ ਨੂੰ ਮੁੱਖ ਰੱਖਦਿਆਂ ਹੇਠ ਲਿਖੇ ਵੇਰਵੇ/ਸ਼ਰਤਾਂ ਅਨੁਸਾਰ ਖੁਦਾਈ ਕਰਨ ਸੰਬੰਧੀ ਰੂਲ 29 ਆਫ ਪੰਜਾਬ ਮਾਈਨਰ ਮਿਨਰਲਜ ਰੂਲਜ 2013 ਅਧੀਨ 132268.23 ਮਿਕਦਾਰ ਮੀਟਰਿਕ ਟਨ ਲਈ ਕੇ-2 ਪਰਮਿਟ ਜਾਰੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ:-

1. ਅਗਰ ਕਿਸੇ ਸਟੇਜ ਤੇ ਮਾਈਨਿੰਗ ਸੰਬੰਧੀ ਕੋਈ ਹਰਜਾਨੇ ਦਾ ਸਵਾਲ ਉੱਠਦਾ ਹੈ ਤਾਂ ਬਿਨੈਕਾਰ ਤੀਜੀ ਧਿਰ ਸੰਬੰਧੀ ਕਲੇਮ ਸੰਬੰਧੀ ਹਾਨੀ-ਪੂਰਤੀ ਕਰੇਗੀ ਅਤੇ ਉਹ ਇਹ ਮਾਮਲਾ ਜਦੋਂ ਵੀ ਵਾਪਰਦਾ ਹੈ ਤਾਂ ਉਹ ਆਪਣੀ ਪੱਧਰ ਤੇ ਨਜਿੱਠੇਗੀ। ਕੰਪਨੀ ਜਮੀਨ ਮਾਲਕਾਂ ਨੂੰ ਜਮੀਨ ਦਾ ਹਰਜਾਨਾ ਆਪਣੇ ਪੱਧਰ ਤੇ ਦੇਵੇਗੀ।
2. ਪ੍ਰਾਰਥੀ ਆਰਡਨਰੀ ਅਰਥ ਲਿਜਾਣ ਵਾਲੇ ਹਰੇਕ ਟਰੱਕ/ਟਰਾਲੀ ਨੂੰ ਵੇਅਮੈਂਟ ਸਲਿੱਪ ਜਾਰੀ ਕਰੇਗਾ ਅਤੇ ਇਹ ਵੇਅਮੈਂਟ ਸਲਿੱਪ ਉਪ ਮੰਡਲ ਅਫਸਰ ਕਮ-ਸਹਾਇਕ ਜਿਲ੍ਹਾ ਮਾਈਨਿੰਗ ਅਫਸਰ, ਜਲ ਨਿਕਾਸ-ਕਮ-ਮਾਈਨਿੰਗ ਉਪ ਮੰਡਲ, ਮੋਹਾਲੀ ਦੇ ਦਫਤਰ ਤੋਂ ਇਸ਼ੂ ਕਰਵਾਏਗਾ। ਪ੍ਰਾਰਥੀ ਛੋਟੇ ਖਣਿਜਾਂ ਦੀ ਨਿਕਾਸੀ ਕਰਨ ਵੇਲੇ ਸੜਕਾਂ, ਆਮ ਜਨਤਾ ਲਈ ਰਸਤਾ, ਇਮਾਰਤਾਂ, ਆਮ ਜਨਤਾ ਲਈ ਬਣਾਏ ਗਏ ਗਰਾਊਂਡਾਂ ਨਾਲ ਛੇੜ-ਛਾੜ ਨਹੀਂ ਕਰੇਗਾ ਤੇ ਕੋਈ ਨੁਕਸਾਨ ਨਹੀਂ ਪਹੁੰਚਾਏਗਾ।
3. ਪ੍ਰਾਰਥੀ/ਪਰਮਿਟ ਹੋਲਡਰ ਪਰਮਿਟ ਦੀ ਮਿਆਦ ਖਤਮ ਹੋਣ ਉਪਰੰਤ ਜਾਂ ਤਾਂ ਨਿਕਾਸੀ ਕੀਤੀ ਜਗ੍ਹਾ ਤੇ ਮਾਈਨਿੰਗ ਅਫਸਰ ਦੀਆਂ ਹਦਾਇਤਾਂ ਅਨੁਸਾਰ ਜਮੀਨ ਰਿਸਟੋਰ ਕਰੇਗਾ ਜਾਂ ਨਿਕਾਸੀ ਵਾਲੀ ਥਾਂ ਦੇ ਆਲੇ ਦੁਆਲੇ ਵਾੜ ਲਗਾਏਗਾ।
4. ਪ੍ਰਾਰਥੀ ਨਿਕਾਸੀ ਕਰਨ ਵਾਲੀ ਥਾਂ ਤੋਂ ਕਿਸੇ ਵੀ ਖੜੇ ਦਰੱਖਤ ਨੂੰ ਜਿਲ੍ਹਾ ਕੁਲੈਕਟਰ ਜਾਂ ਮੁੱਖ ਵਣ ਪਾਲ ਜਿਹੜਾ ਵੀ ਹੋਵੇ, ਜੰਗਲਾਤ ਏਰੀਏ ਵਿੱਚੋਂ ਪੂਰਵ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਕੱਟੇਗਾ। ਅਜਿਹੇ ਕੇਸਾਂ ਵਿੱਚ ਜਿੱਥੇ ਪ੍ਰਵਾਨਗੀ ਦਿੱਤੀ ਗਈ ਹੋਵੇ ਉਥੇ ਕੱਟੇ

Scanned with CamScanner

ਜਾਣ ਵਾਲੇ ਦਰੱਖਤਾਂ ਦੀ ਸੰਬੰਧਤ ਅਫਸਰ ਵੱਲੋਂ ਨਿਰਧਾਰਤ ਕੀਤੀ ਗਈ ਕੀਮਤ ਐਡਵਾਂਸ ਜਮ੍ਹਾਂ ਕਰਵਾਏਗਾ।

5. ਪ੍ਰਾਰਥੀ ਕਿਸੇ ਅਥਾਰਟੀ ਵੱਲੋਂ ਮਨਾਹੀ ਕੀਤੇ ਏਰੀਏ ਵਿੱਚੋਂ ਸਬੰਧਤ ਅਥਾਰਟੀ ਤੋਂ ਪੂਰਵ ਲਿਖਤੀ ਪ੍ਰਵਾਨਗੀ ਪ੍ਰਾਪਤ ਕਰਨ ਤੋਂ ਬਿਨਾਂ ਨਿਕਾਸੀ ਨਹੀਂ ਕਰੇਗਾ।

6. ਪ੍ਰਾਰਥੀ ਦਾ ਵਣ ਵਿਭਾਗ ਤੋਂ ਲਿਖਤੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕਿਸੀ ਰੀਜਰਵਡ, ਡੀਮਾਰਕੇਟਿਡ ਜਾਂ ਪ੍ਰੋਟੈਕਟਿਡ ਜੰਗਲ ਵਿੱਚ ਦਾਖਲ ਨਹੀਂ ਹੋਵੇਗਾ ਅਤੇ ਨਾ ਹੀ ਕੰਮ ਕਰੇਗਾ।

7. ਪ੍ਰਾਰਥੀ ਡਿਪਟੀ ਕਮਿਸ਼ਨਰ ਅਤੇ ਸਬੰਧਤ ਮਾਈਨਿੰਗ ਅਫਸਰ ਨੂੰ ਸਾਰੇ ਹਾਦਸਿਆਂ ਸੰਬੰਧੀ ਤੁਰੰਤ ਸੂਚਨਾਂ ਦੇਵੇਗਾ।

8. ਪ੍ਰਵਾਨਗੀ ਖਤਮ ਹੋਣ ਜਾਂ ਪਰਮਿਟ ਕੈਂਸਲ ਹੋਣ ਉਪਰੰਤ ਜਿਹੜਾ ਵੀ ਮਟੀਰੀਅਲ ਨਿਕਾਸੀ ਵਾਲੀ ਜਗ੍ਹਾ ਤੇ ਪਿਆ ਹੋਵੇ ਉਹ ਸਰਕਾਰ ਦੀ ਸੰਪਤੀ ਹੋਵੇਗੀ।

9. ਜੇਕਰ ਪ੍ਰਾਰਥੀ ਨੂੰ ਇਸ ਪ੍ਰਵਾਨਗੀ ਦੀ ਟਰਮ ਅਤੇ ਕੰਡੀਸ਼ਨਜ ਦੀਆਂ ਉਲੰਘਣਾ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਦਿੱਤੀ ਗਈ ਪ੍ਰਵਾਨਗੀ/ਪਰਮਿਟ ਡਾਇਰੈਕਟਰ ਜਾਂ ਉਹਨਾਂ ਵੱਲੋਂ ਕੋਈ ਆਥੋਰਾਈਜਡ ਅਧਿਕਾਰੀ ਵੱਲੋਂ 2 ਹਫਤੇ ਦਾ ਨੋਟਿਸ ਦਿੰਦੇ ਹੋਏ ਕੈਂਸਲ ਕਰ ਦਿੱਤਾ ਜਾਵੇਗਾ ।

10. ਪ੍ਰਾਰਥੀ ਪ੍ਰਵਾਨਗੀ ਕੈਂਸਲ ਹੋਣ ਦੀ ਮਿਤੀ ਜਾਂ ਕੰਮ ਖਤਮ ਹੋਣ ਦੀ ਮਿਤੀ ਤੋਂ ਦੋ ਹਫਤੇ ਦੇ ਅੰਦਰ ਅੰਦਰ ਜਿਸ ਅਥਾਰਟੀ ਵੱਲੋਂ ਪ੍ਰਵਾਨਗੀ ਜਾਰੀ ਕੀਤੀ ਗਈ ਹੈ ਉਸ ਪਾਸ ਪਰਮਿਟ ਜਮ੍ਹਾਂ ਕਰਵਾਏਗਾ। ਕੰਪਨੀ ਨੂੰ ਪਰਮਿਟ ਜਾਰੀ ਕਰਦੇ ਸਮੇਂ ਇਸ ਦੀ ਇੱਕ ਕਾਪੀ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

11. ਪ੍ਰਾਰਥੀ ਨੂੰ ਪਰਮਿਟ ਜਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਇੰਜੀਨੀਅਰ ਕਮ ਜਿਲ੍ਹਾਂ ਮਾਈਨਿੰਗ ਅਫਸਰ ਮੋਹਾਲੀ ਵੱਲੋਂ ਜਮੀਨ ਦੀ ਮਲਕੀਅਤ ਸੰਬੰਧੀ ਸਾਰੇ ਦਸਤਾਵੇਜਾਂ ਨੂੰ ਚੈੱਕ ਕਰ ਲਿਆ ਜਾਵੇ।

12. ਇਹ ਪਰਮਿਟ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਮਹੀਨੇ ਦੇ ਸਮੇਂ ਤੱਕ ਵੈਲਿਡ ਹੋਵੇਗਾ। ਪਰਮਿਟ ਜਾਰੀ ਕਰਨ ਸਮੇਂ ਸੀ.ਏ. ਸਰਟੀਫਿਕੇਟ ਦੀ ਮਿਆਦ ਵਧਾ ਲਈ ਜਾਵੇ ਕਿਉਂਕਿ ਨੱਥੀ ਕੀਤੇ ਗਏ ਸਰਟੀਫਿਕੇਟ ਦੀ ਮਿਆਦ 31.12.2021 ਤੱਕ ਸੀ।

13. ਜੇਕਰ ਜਮੀਨ ਦੀ ਮਲਕੀਅਤ ਸੰਬੰਧੀ ਕੋਈ ਝਗੜਾ/ਡਿਸਪਿਊਟ ਪੈਦਾ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਪ੍ਰਾਰਥੀ ਦੀ ਹੋਵੇਗੀ।

14. ਕਿਸੇ ਕਿਸਮ ਦੀ ਪੇਟੈਂਟ ਗਲਤੀ ਹੋਣ ਦੀ ਸੂਰਤ ਵਿੱਚ ਇਹ ਪ੍ਰਵਾਨਗੀ ਵਾਪਿਸ ਲਈ ਜਾ ਸਕਦੀ ਹੈ/ਰੱਦ ਕੀਤੀ ਜਾ ਸਕਦੀ ਹੈ।

15. ਪਰਮਿਟ ਜਾਰੀ ਹੋਣ ਉਪਰੰਤ ਜੇ ਕਿਸੇ ਵੀ ਕਾਰਨ (ਡਰਾਇੰਗ ਜਾਂ ਮੌਕੇ ਦੀ ਸਥਿਤੀ ਅਨੁਸਾਰ) ਮਿੱਟੀ ਦੀ ਖੁਦਾਈ ਦੀ ਮਿਕਦਾਰ ਵਿੱਚ ਵਾਧਾ ਹੁੰਦਾ ਹੈ ਤਾਂ ਕੰਪਨੀ/ਮਾਲਕ ਦੀ ਅਤੇ ਫੀਲਡ ਦਫਤਰ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਰਹਿੰਦੀ ਮਿਕਦਾਰ ਦੀ ਬਾਕੀ ਮੰਨਜ਼ੂਰੀ ਲਵੇ।

16. ਕੇਸ ਨਾਲ ਡਰਾਇੰਗ ਦੀ ਕਾਪੀ ਲਗਾਈ ਗਈ ਹੈ ਪ੍ਰੰਤੂ ਇਹ ਡਰਾਇੰਗ ਅਪਰੂਵਡ ਨਹੀਂ ਹਨ ਅਤੇ ਮਿਕਦਾਰ ਇਸੇ ਡਰਾਇੰਗਾਂ ਅਨੁਸਾਰ ਕੈਲਕੂਲੇਟ ਕੀਤੀ ਗਈ ਹੈ। ਇਸ ਸੰਬੰਧ ਵਿੱਚ ਕਾਰਜਕਾਰੀ ਇੰਜੀਨੀਅਰ ਕਮ ਜਿਲ੍ਹਾ ਮਾਈਨਿੰਗ ਅਫਸਰ ਮੋਹਾਲੀ ਵੱਲੋਂ ਯਕੀਨੀ ਬਣਾਇਆ ਜਾਵੇ ਕਿ ਮੌਕੇ ਤੇ ਕੰਮ ਮੰਨਜ਼ੂਰਸ਼ੁਦਾ ਡਰਾਇੰਗ ਅਨੁਸਾਰ ਕੀਤਾ ਜਾਵੇ। ਜੇਕਰ

Scanned with CamScanner

ਮੰਨਜੂਰਸ਼ੁਦਾ ਡਰਾਇੰਗ ਵਿੱਚ ਕੋਈ ਤਬਦੀਲੀ ਆਉਂਦੀ ਹੈ ਤਾਂ ਉਸ ਅਨੁਸਾਰ ਸੋਧਿਆ ਹੋਇਆ ਪਰਮਿਟ ਜਾਰੀ ਕਰਵਾਇਆ ਜਾਵੇ।

17. ਮੌਜੂਦਾ ਸਥਿਤੀ ਅਨੁਸਾਰ ਕੋਈ ਰਾਇਲਟੀ ਆਦਿਕ ਜਮ੍ਹਾਂ ਨਹੀਂ ਕਰਵਾਈ ਜਾਣੀ ਹੈ ਪ੍ਰੰਤੂ ਜੇਕਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਰੇਟਾਂ ਵਿੱਚ ਏਕੋਈ ਸੋਧ ਕੀਤੀ ਜਾਂਦੀ ਹੈ ਤਾਂ ਪ੍ਰਾਰਥੀ ਇਨ੍ਹਾਂ ਫੀਸਾਂ ਨੂੰ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।

ਕਾਰਜਕਾਰੀ ਇੰਜੀਨੀਅਰ/ਮਾਈਨਿੰਗ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ ।

ਪਿੱਠ ਅੰਕਣ ਨੰ. / ਕੇ-2 ਮਿਤੀ /2022

ਉਪਰੋਕਤ ਦਾ ਉਤਾਰਾ:- ਅਕਾਉਟੈਂਟ ਜਨਰਲ ਪੰਜਾਬ (ਏ ਐਂਡ ਈ) ਚੰਡੀਗੜ੍ਹ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ/ਮਾਈਨਿੰਗ
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ ।

Scanned with CamScanner